# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 20 ਅਪ੍ਰੈਲ 2026 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗੁਰੂ ਰਵੀਦਾਸ ਸੁਸਾਇਟੀ (ਰਜਿ) ਫ਼ਰੀਦਕੋਟ ਨੇ ਖੂਬਸੂਰਤ ਸਮਾਗਮ ਦੇ ਰੂਪ 'ਚ ਮਨਾਈ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਜੈਯੰਤੀ।

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ



ਫ਼ਰੀਦਕੋਟ 20 ਅਪ੍ਰੈਲ : ਅੱਜ ਗੁਰੂ ਰਵਿਦਾਸ ਸੁਸਾਇਟੀ (ਰਜਿ) ਫ਼ਰੀਦਕੋਟ ਨੇ ਬਲਵੀਰ ਬਸਤੀ ਗੁਰੂ ਰਵੀਦਾਸ ਧਰਮਸ਼ਾਲਾ ਵਿਚ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਜੈਯੰਤੀ ਵਿਲੱਖਣ ਤੇ ਖੂਬਸੂਰਤ ਸਮਾਗਮ ਦੇ ਰੂਪ ਵਿਚ ਮਨਾਈ ਗਈ।

ਇਸ ਸਮਾਗਮ ਦੇ ਮੁੱਖ ਮਹਿਮਾਨ ਵਜੋ ਸ੍ਰੀ ਨੰਦ ਕਿਸ਼ੋਰ ਤਹਿਸੀਲਦਾਰ ਜੀ, ਓਨਾਂ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਤੇ ਓਨਾਂ ਦੀਆਂ ਸਿੱਖਿਆਵਾਂ ਬਾਰੇ ਤੇ ਸੰਘਰਸ਼ਮਈ ਗਾਥਾ ਪੇਸ ਕੀਤੀ ।

ਓਨਾਂ ਤੋ ਇਲਾਵਾਂ ਅਮਰਜੀਤ ਸਿੰਘ ਧਨੋਲਾ ਆਰ ਪੀ ਆਈ ਨੈਸ਼ਨਲ ਪ੍ਰਧਾਨ ,ਅਜੀਤ ਸਿੰਘ ਚਹਿਲ ਆਰ ਪੀ ਆਈ, ਵਾਈਸ ਪ੍ਰਧਾਨ ,ਸ਼੍ਰੀ ਗੁਰਮੀਤ ਸਿੰਘ ਪ੍ਰਿੰਸੀਪਲ ,ਸ਼੍ਰੀਮਤੀ ਸ਼ਾਂਤੀ ਦੇਵੀ ਸੁਪਰਡੈਂਟ ਗ੍ਰੇਡ 1, ਸ਼੍ਰੀਮਤੀ ਹੀਰਾਵਤੀ ਤਹਿਸੀਲਦਾਰ,ਸ੍ਰੀ ਕ੍ਰਿਸ਼ਨ ਆਰੇ, ਸ੍ਰੀ ਬਲਵੀਰ ਸਿੰਘ ਸੁਪਰਡੈਂਟ ਗਰੇਟ 1, ਸੁਖਬੀਰ ਸਿੰਘ ਬੱਬਲ ਪ੍ਰਧਾਨ ਆਰਪੀਆਈ, ਸ੍ਰੀ ਜਸਵੰਤ ਸਿੰਘ ਐਕਸੀਅਨ ,ਅਮਨਦੀਪ ਸਿੰਘ, ਸ੍ਰੀ ਭੁਪਿੰਦਰ ਕੁਮਾਰ ਐਸਡੀਓ, ਸ੍ਰੀ ਜਗਦੀਸ਼ ਕੁਮਾਰ ਭਾਰਤੀ ਬੈਂਕ ਮੈਨੇਜਰ, ਸ੍ਰੀ ਹਰਬੰਸ ਲਾਲ, ਸ੍ਰੀ ਨੰਦ ਕਿਸ਼ੋਰ, ਸ੍ਰੀ ਮਦਨ ਲਾਲ , ਸ੍ਰੀ ਸੋਨੂ, ਵਿਜੇ ਕੁਮਾਰ, ਸ੍ਰੀ ਜਤਿੰਦਰ ਕੁਮਾਰ ਜੇਤੂ ਲੈਕਚਰਾਰ , ਡਾਂ ਸੋਹਨ ਲਾਲ ਨਿਗਾਹ, ਸ੍ਰੀ ਸੰਜੀਵ ਕੁਮਾਰ ਦੁੱਗਲ ਆਦਿ ਨੇ ਆਪਣੀ ਆਪਣੀ ਹਾਜਰੀ ਲਗਵਾਈ। ਇਸ ਸਮੇ ਆਪਣੀ ਆਪਣੀ ਕਲਾਸਾਂ ਚੋ ਫਸਟ , ਸੈਕਿੰਡ ਤੇ ਥਰਡ ਆਏ ਸਕੂਲੀ ਬੱਚਿਆ ਦਾ ਮੈਡਲ ਤੇ ਖੂਬਸੂਰਤ ਤੋਹਫੇ ਦੇ ਕੇ ਸਨਮਾਨ ਕੀਤਾ। ਇਸ ਸਮੇ ਡਾਂ ਭੀਮ ਰਾਓ ਅੰਬੇਡਕਰ ਜੀ ਦੀ ਇੱਕ ਬੱਚਿਆ ਲਈ ਕਿਤਾਬ ਲੋਕ ਅਰਪਣ ਕੀਤੀ ਗਈ। ਇਸ ਸਮੇ ਸਮਾਗਮ ਤੇ ਪਹੁੰਚੇ ਲੋਕਾਂ ਲਈ ਚਾਹ ਪਕੌੜੇ ਦਾ ਅਤੁੱਟ ਲੰਗਰ ਲਗਾਇਆ ਗਿਆ।

ਇਸ ਸਮਾਗਮ ਦੇ ਮੰਚ ਸੰਚਾਲਕ ਦੀ ਭੂਮਿਕਾ ਪ੍ਰਿੰਸੀਪਲ ਜਗਮੋਹਨ ਸਿੰਘ ਜੀ ਬੇਹਤਰੀਣ ਢੰਗ ਨਾਲ ਨਿਭਾਈ।

ਸ੍ਰੀ ਮਨਜੀਤ ਕੁਮਾਰ ਖਿੱਚੀ ਪ੍ਰਧਾਨ "ਸ੍ਰੀ ਗੁਰੂ ਰਵਿਦਾਸ ਸੁਸਾਇਟੀ ਫ਼ਰੀਦਕੋਟ" ਜੀ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੀ ਜੈਯੰਤੀ ਦੀ ਸਭ ਨੂੰ ਮੁਬਾਰਕਬਾਦ ਦਿੱਤੀ ਤੇ ਸਮਾਗਮ ਵਿਚ ਆਏ ਲੋਕਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ।

## ਕੌਮਾਂਤਰੀ ਕਾਨਫਰੰਸ ਵਿਚ ਪੀ.ਏ.ਯੂ. ਦੇ ਮੌਸਮ ਵਿਗਿਆਨੀਆਂ ਅਤੇ ਵਿਦਿਆਰਥੀਆਂ ਨੇ ਆਪਣੀ ਛਾਪ ਛੱਡੀ

ਵਰਲਡ ਪੰਜਾਬੀ ਟਾਈਮਜ਼



ਬਠਿੰਡਾ 20 ਅਪ੍ਰੈਲ : ਪੀ.ਏ.ਯੂ. ਦੇ ਜਲਵਾਯੂ ਬਦਲਾਅ ਅਤੇ ਖੇਤੀ ਮੌਸਮ ਵਿਗਿਆਨ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਹਰਲੀਨ ਕੌਰ ਅਤੇ ਡਾ. ਰਾਜ ਕੁਮਾਰ ਪਾਲ ਨੂੰ ਬੀਤੇ ਦਿਨੀਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ ਬਠਿੰਡਾ ਵਿਖੇ ਸੂਖਮ ਮਸ਼ੀਨੀ ਅਤੇ ਖੇਤੀ ਸਮਾਧਾਨ ਵਿਸ਼ੇ ਤੇ ਹੋਈ ਕੌਮਾਂਤਰੀ ਕਾਨਫਰੰਸ ਵਿਚ ਪੇਪਰ ਪੇਸ਼ਕਾਰੀ ਲਈ ਸਰਵੋਤਮ ਪੁਰਸਕਾਰ ਨਾਲ ਸਨਮਾਨਿਆ ਗਿਆ ਹੈ| ਡਾ. ਹਰਲੀਨ ਕੌਰ ਨੇ ਜਲਵਾਯੂ ਤਬਦੀਲੀ ਦੇ ਮੱਕੀ ਦੇ ਝਾੜ ਉੱਪਰ ਪਏ ਪ੍ਰਭਾਵ ਬਾਰੇ ਅਤੇ ਡਾ. ਰਾਜ ਕੁਮਾਰ ਪਾਲ ਨੇ ਤਾਪਮਾਨ ਦੇ ਅਧਾਰ ਤੇ ਕਣਕ ਦੇ ਝਾੜ ਦੀ ਪੇਸ਼ੀਨਗੋਈ ਬਾਰੇ ਆਪਣੇ ਪੇਪਰ ਪੇਸ਼ ਕੀਤੇ ਸਨ| ਇਸੇ ਕਾਨਫਰੰਸ ਵਿਚ ਪੀ ਐੱਚ ਡੀ ਖੋਜਾਰਥੀ ਕੁਮਾਰੀ ਸਿਮਰਨਜੀਤ ਕੌਰ ਨੂੰ ਸਰਵੋਤਮ ਪੇਪਰ ਪੇਸ਼ਕਾਰੀ ਪੁਰਸਕਾਰ ਨਾਲ ਨਿਵਾਜ਼ਿਆ ਗਿਆ| ਉਹਨਾਂ ਨੇ ਅਰਧ ਸੇਂਜੂ ਪੰਜਾਬ ਵਿਚ ਸਿੰਚਾਈ ਭਿੰਨਤਾ ਅਧੀਨ ਨਰਮੇ ਵਿਚ ਸੁੱਕੇ ਮਾਦੇ ਦੀ ਹੋਂਦ ਬਾਰੇ ਪੇਪਰ ਪੇਸ਼ ਕੀਤਾ| ਐੱਮ ਐੱਸ ਸੀ ਵਿਦਿਆਰਥਣ ਕੁਮਾਰੀ ਸੋਨਾਕਸ਼ੀ ਜਸਵਾਲ ਨੇ ਵਾਤਾਵਰਨ ਪੱਖੀ ਖੇਤੀ ਬਾਰੇ ਪੇਪਰ ਪੇਸ਼ ਕਰਕੇ ਸਰਵੋਤਮ ਮੌਖਿਕ ਪੇਸ਼ਕਾਰੀ ਪੁਰਸਕਾਰ ਹਾਸਲ ਕੀਤਾ|

ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ, ਖੇਤੀਬਾੜੀ ਕਾਲਜ ਦੇ ਡੀਨ ਡਾ. ਚਰਨਜੀਤ ਸਿੰਘ ਔਲਖ ਅਤੇ ਖੇਤੀ ਮੌਸਮ ਵਿਗਿਆਨ ਵਿਭਾਗ ਦੇ ਮੁਖੀ ਡਾ. ਪਵਨੀਤ ਕੌਰ ਕਿੰਗਰਾ ਨੇ ਸੰਬੰਧਿਤ ਵਿਦਵਾਨਾਂ ਅਤੇ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ|

## ਗਿਆਨਦੀਪ ਮੰਚ ਵੱਲੋਂ ਉੱਘੇ ਸ਼ਾਇਰ ਅਤੇ ਬਹੁਪੱਖੀ ਲੇਖਕ ਧਰਮ ਕੰਮੇਆਣਾ ਦੀ ਪੁਸਤਕ "ਡੂੰਘੇ ਦਰਦ " ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ 20 ਅਪ੍ਰੈਲ : ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਸੈਮੀਨਾਰ ਹਾਲ ਵਿੱਚ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਉੱਘੇ ਸ਼ਾਇਰ ਅਤੇ ਬਹੁਪੱਖੀ ਲੇਖਕ ਸ. ਧਰਮ ਸਿੰਘ ਕੰਮੇਆਣਾ ਦੀ ਕਾਵਿ-ਕਹਾਣੀਆਂ ਦੀ ਪੁਸਤਕ 'ਡੂੰਘੇ ਦਰਦ ' ਨੂੰ ਲੋਕ ਅਰਪਣ ਕੀਤਾ ਗਿਆ। ਮੰਚ ਦੇ ਪ੍ਰਧਾਨ ਡਾ ਜੀ ਐਸ ਆਨੰਦ ਨੇ ਹਾਜ਼ਰੀਨ ਨੂੰ 'ਜੀ ਆਇਆਂ' ਕਹਿੰਦਿਆਂ ਵਿਦਵਾਨ ਸ਼ਖਸੀਅਤਾਂ ਬਾਰੇ ਤੁਆਰਫ਼ ਕਰਾਇਆ। ਸਮਾਗਮ ਦਾ ਅਗਾਜ਼ ਕਰਦਿਆਂ ਮੰਚ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਚੰਨ ਪਟਿਆਲਵੀ ਨੇ ਧਰਮ ਕੰਮੇਆਣਾ ਦੀ ਸਿਰਜਣ ਪ੍ਰਕਿਰਿਆ, ਪੁਸਤਕ ਅਤੇ ਪਰਿਵਾਰ ਬਾਰੇ ਜਾਣਕਾਰੀ ਸਾਂਝੀ ਕੀਤੀ। ਪੇਪਰ ਵਕਤਾ ਵਜੋਂ ਬੋਲਦਿਆਂ ਡਾ ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਸ਼ਾਇਰ ਨੇ ਪੁਸਤਕ ਵਿੱਚ ਕਹਾਣੀਆਂ ਨੂੰ ਆਪਣੀ ਕਵਿਤਾ ਰਾਹੀਂ ਪੇਸ਼ ਕਰਕੇ ਕਾਵਿ-ਰੂਪ ਦਿੱਤਾ ਹੈ ਜੋ ਕਿ ਪਾਠਕਾਂ ਨੂੰ ਜੋੜ ਕੇ ਰੱਖਦਾ ਹੈ।ਮੁੱਖ ਮਹਿਮਾਨ ਵਜੋਂ ਬੋਲਦਿਆਂ ਡਾ ਸੁਰਜੀਤ ਸਿੰਘ ਭੱਟੀ ਨੇ ਕਿਹਾ ਕਿ ਸ਼ਾਇਰ ਨੇ ਆਪਣੀ ਪੁਸਤਕ ਵਿੱਚ ਪਿਛਲੇ ਸੱਠ ਸਾਲ ਦੇ ਪੰਜਾਬ ਦਾ ਸਭਿਆਚਾਰ, ਸਮਾਜਿਕ ਜੀਵਨ, ਇਤਿਹਾਸ ਤੇ ਉਤਰਾਅ ਚੜ੍ਹਾਅ ਨੂੰ ਕਲਾਤਮਕ ਕਾਵਿ ਸ਼ੈਲੀ ਵਿੱਚ ਕਲਮਬੱਧ ਕੀਤਾ ਹੈ।

ਵਿਸੇਸ਼ ਮਹਿਮਾਨ ਡਾ. ਰਾਜਵੰਤ ਕੌਰ ਪੰਜਾਬੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੁਸਤਕ ਮਨੁੱਖੀ ਅਨੁਭਵਾਂ ਦੇ ਅੰਦਰੂਨੀ ਜਗਤ ਦਾ ਦਰਪਣ ਹੈ।ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਸ. ਦਰਸ਼ਨ ਬੁੱਟਰ ਨੇ ਕਿਹਾ ਸ਼ਾਇਰ ਨੇ ਪੁਸਤਕ ਆਪਣੇ ਪਿੰਡ ਕੰਮੇਆਣਾ ਦੀ ਲੋਕ-ਭਾਸ਼ਾ ਵਿੱਚ ਲਿਖੀ ਹੈ।ਭਾਸ਼ਾ ਬਹੁਤ ਸਰਲ ਅਤੇ ਮਿੱਠੀ ਹੈ।ਪੇਪਰ 'ਤੇ ਬਹਿਸ ਦਾ ਆਰੰਭ ਕਰਦਿਆਂ ਡਾ. ਅਮਰਜੀਤ ਕੌਂਕੇ,ਡਾ. ਲਕਸ਼ਮੀ ਨਰਾਇਣ ਭੀਖੀ, ਡਾ ਸੰਤੋਖ ਸੁੱਖੀ ,ਡਾ. ਦਰਸ਼ਨ ਸਿੰਘ ਆਸ਼ਟ ਅਤੇ ਨਰਿੰਦਰਪਾਲ ਕੌਰ ਦਾ ਤਰਕ ਸੀ ਕਿ ਇਹ ਪੰਜਾਬੀ ਕਾਵਿ ਦੀ ਵਿਲੱਖਣ, ਦਿਲਚਸਪ, ਮੁੱਲਵਾਨ ਤੇ ਸਦੀਵੀ ਸ਼ਾਹਕਾਰ ਪੁਸਤਕ ਹੈ। ਉਪਰੋਕਤ ਤੋਂ ਇਲਾਵਾ ਡਾ. ਸਤਿੰਦਰ ਨੰਦਾ,ਕੁਲਵੰਤ ਸਿੰਘ ਨਾਰੀਕੇ, ਬਲਵਿੰਦਰ ਸੰਧੂ ਬਲਵਿੰਦਰ ਭੱਟੀ ਅਤੇ ਡਾ. ਸੁਰਜੀਤ ਖ਼ੁਰਮਾ ਨੇ ਵੀ ਵਿਚਾਰ ਚਰਚਾ ਵਿੱਚ ਹਿੱਸਾ ਲਿਆ।
ਲੇਖਕ ਧਰਮ ਸਿੰਘ ਕੰਮੇਆਣਾ ਨੇ ਆਪਣੀ ਲਿਖਣ ਪ੍ਰਕਿਰਿਆ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਸਮਾਗਮ ਵਿੱਚ ਆਏ ਸਾਰੇ ਸਾਹਿਤਕਾਰਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਕੁਲਦੀਪ ਕੌਰ ਅਤੇ ਪੋਤਰੀ ਇਨਾਇਆ ਸਿੰਘ ਵੀ ਹਾਜ਼ਰ ਰਹੇ। ਸਮਾਗਮ ਵਿੱਚ ਪੁਸਤਕ ਦੇ ਪ੍ਰਕਾਸ਼ਕ ਸੁਰਿੰਦਰਜੀਤ ਚੌਹਾਨ,ਮਾਲਕ ਪ੍ਰੀਤ ਪਬਲੀਕੇਸ਼ਨ ਨਾਭਾ ਅਤੇ ਡਾ. ਮਨਜਿੰਦਰ ਸਿੰਘ ਗਿੱਲ, ਜ਼ਿਲ੍ਹਾ ਭਾਸ਼ਾ ਅਫ਼ਸਰ,ਭਾਸ਼ਾ ਵਿਭਾਗ ਪਟਿਆਲਾ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।
ਕਵਿਤਾ ਦੇ ਸੈਸ਼ਨ ਵਿੱਚ ਹਾਜ਼ਰ ਨਾਮਵਰ ਕਵੀਆਂ ਵਿੱਚੋਂ ਕੁਲਵੰਤ ਸੈਦੋਕੇ, ਬਚਨ ਸਿੰਘ ਗੁਰਮ, ਦਰਸ਼ਨ ਸਿੰਘ ਦਰਸ਼ ਪਸਿਆਣਾ,ਰਾਜਬੀਰ ਮੱਲ੍ਹੀ, ਸੁਰਿੰਦਰ ਕੌਰ ਬਾੜਾ, ਜਸਵਿੰਦਰ ਕੌਰ, ਜਸਵਿੰਦਰ ਖਾਰਾ,ਸੁਖਵਿੰਦਰ ਕੌਰ, ਜਗਤਾਰ ਨਿਮਾਣਾ,ਕੁਲਦੀਪ ਕੌਰ ਧੰਜੂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।ਤਰਲੋਚਨ ਮੀਰ,ਗੋਪਾਲ ਸ਼ਰਮਾ ਸਮਾਣਾ,ਰਾਜਵਿੰਦਰ ਕੌਰ ਜਟਾਣਾ, ਨਵਦੀਪ ਮੁੰਡੀ, ਅਵਤਾਰਜੀਤ, ਰਾਮ ਸਿੰਘ ਬੰਗ, ਗੁਰਚਰਨ ਪੱਬਾਰਾਲੀ, ਜੱਗਾ ਰੰਗੂਵਾਲ,ਜੋਗਾ ਸਿੰਘ, ਅਮਰਜੀਤ ਕਸਕ,ਸਤਨਾਮ ਕੌਰ ਚੌਹਾਨ,ਤ੍ਰਿਲੋਕ ਢਿੱਲੋਂ, ਮੰਗਤ ਖਾਨ,ਜੋਗਾ ਸਿੰਘ ਧਨੌਲਾ ,ਬਲਵੰਤ ਬੱਲੀ,ਨਵਤੇਜ ਗੁਰਨਾ,ਸੁਖਦੇਵ ਸਿੰਘ ਚਹਿਲ,ਹਰਜੀਤ ਕੌਰ, ਇੰਜ.ਸਤਨਾਮ ਸਿੰਘ ਮੱਟੂ,ਕ੍ਰਿਸ਼ਨ ਲਾਲ ਧੀਮਾਨ,ਕਮਲ ਸੇਖੋਂ ਤੋਂ ਇਲਾਵਾ ਬਸੰਤ ਸਿੰਘ ਆਸ਼ਿਆਨਾ,ਇੰਜ.ਜਗਰਾਜ ਸਿੰਘ,ਗੁਰਦੀਪ ਸੱਗੂ,ਹਰਦੀਪ ਸਿੰਘ, ਸ਼ਹਿਨਾਜ,ਕਿਰਨ ਸਿੰਗਲਾ,ਨਾਹਰ ਸਿੰਘ,ਐਡਵੋਕੇਟ ਐੱਸ ਪੀ ਸਿੰਘ,ਗੁਰਚਰਨ ਗੁਣੀਕੇ,ਕੁਲਵਿੰਦਰ ਕੁਮਾਰ, ਰਾਜੇਸ਼ਵਰ ਕੁਮਾਰ, ਕੁਲਦੀਪ ਪਟਿਆਲਵੀ ਅਤੇ ਐੱਸ ਐੱਨ ਚੌਧਰੀ, ਆਦਿ ਸ਼ਖ਼ਸੀਅਤਾਂ ਵੀ ਹਾਜ਼ਰ ਰਹੀਆਂ। ਫੋਟੋਗ੍ਰਾਫੀ ਦੇ ਫਰਜ਼ ਦਰਸ਼ਨ ਸਿੰਘ ਦਰਸ਼ ਪਸਿਆਣਾ ਨੇ ਬਾਖ਼ੂਬੀ ਨਿਭਾਏ।

## ਪਟਿਆਲਾ ਵਿੱਚ ਟਰੇਡਰਜ਼ ਕਮਿਸ਼ਨ ਦੀ ਮੀਟਿੰਗ ਦੌਰਾਨ 62 ਸ਼ਿਕਾਇਤਾਂ ਦਾ ਮੌਕੇ 'ਤੇ ਨਿਪਟਾਰਾ

### ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਵਪਾਰੀਆਂ ਦੀਆਂ ਸਮੱਸਿਆਵਾਂ 'ਤੇ ਉੱਚ ਪੱਧਰੀ ਚਰਚਾ

### ਅਧਿਕਾਰੀਆਂ ਨੂੰ ਵਪਾਰੀਆਂ ਦੀਆਂ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਲਈ ਸਖ਼ਤ ਹੁਕਮ ਜਾਰੀ – ਹਿਮਾਂਸ਼ੂ ਅਗਰਵਾਲ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ 20 ਅਪ੍ਰੈਲ : ਪਟਿਆਲਾ ਜ਼ਿਲ੍ਹੇ ਵਿੱਚ ਵਪਾਰੀਆਂ ਦੀਆਂ ਮੁਸ਼ਕਲਾਂ ਦੇ ਤੁਰੰਤ ਹੱਲ ਲਈ ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਹੋਈ ਉੱਚ ਪੱਧਰੀ ਟਰੇਡਰਜ਼ ਕਮਿਸ਼ਨ ਦੀ ਮੀਟਿੰਗ ਦੌਰਾਨ 62 ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ।

ਇਸ ਮੀਟਿੰਗ ਵਿੱਚ ਪੰਜਾਬ ਟਰੇਡਰਜ਼ ਕਮਿਸ਼ਨ ਦੇ ਮੈਂਬਰ ਸੰਜੀਵ ਗੁਪਤਾ, ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਵਿਨੋਦ ਸਿੰਗਲਾ ਅਤੇ ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੌਲੀ ਸਮੇਤ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਚੇਅਰਮੈਨ, ਏ ਡੀ ਸੀਜ਼ ਐਸ.ਡੀ.ਐਮਜ਼ ., ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਵਪਾਰੀ ਵਰਗ ਦੇ ਨੁਮਾਇੰਦੇ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਪ੍ਰਸ਼ਾਸਨ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਜ਼ਿਲ੍ਹੇ ਵਿੱਚ ਹੁਣ ਤੱਕ ਆਈਆਂ 216 ਸ਼ਿਕਾਇਤਾਂ ਵਿੱਚੋਂ 131 ਖੁੱਲ੍ਹੀਆਂ ਮੰਨੀਆਂ ਗਈਆਂ ਸਨ, ਜਿਨ੍ਹਾਂ ਵਿੱਚੋਂ ਅੱਜ 62 ਦਾ ਮੌਕੇ 'ਤੇ ਨਿਪਟਾਰਾ ਕਰ ਦਿੱਤਾ ਗਿਆ ਜਦਕਿ 5 ਮਾਮਲਿਆਂ 'ਤੇ ਕਾਰਵਾਈ ਜਾਰੀ ਹੈ ਅਤੇ 16 ਨੂੰ ਸੰਬੰਧਤ ਵਿਭਾਗਾਂ ਕੋਲ ਭੇਜਿਆ ਗਿਆ ਹੈ।

ਡੀ ਸੀ ਨੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣ ਕੇ ਉਨ੍ਹਾਂ ਦਾ ਤੁਰੰਤ ਹੱਲ ਯਕੀਨੀ ਬਣਾਇਆ ਜਾਵੇ। ਇਸ ਮੌਕੇ ਸੰਜੀਵ ਗੁਪਤਾ, ਵਿਨੋਦ ਸਿੰਗਲਾ ਅਤੇ ਗੁਰਪ੍ਰੀਤ ਸਿੰਘ ਧਮੌਲੀ ਨੇ ਕਿਹਾ ਕਿ ਪੰਜਾਬ ਸਰਕਾਰ ਵਪਾਰੀਆਂ ਦੀ ਭਲਾਈ ਲਈ ਗੰਭੀਰ ਹੈ ਅਤੇ ਇਸੇ ਉਦੇਸ਼ ਨਾਲ ਵਿਧਾਨ ਸਭਾ ਪੱਧਰ 'ਤੇ ਟਰੇਡਰਜ਼ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ ਜੋ ਸਮੱਸਿਆਵਾਂ ਨੂੰ ਸੁਣ ਕੇ ਤੇਜ਼ੀ ਨਾਲ ਹੱਲ ਕਰਦਾ ਹੈ।

ਓਹਨਾ ਕਿਹਾ ਕਿ ਕਮਿਸ਼ਨ ਦਾ ਮੁੱਖ ਉਦੇਸ਼ ਵਪਾਰਕ ਗਤੀਵਿਧੀਆਂ ਨੂੰ ਸੁਚਾਰੂ ਬਣਾਉਂਦੇ ਹੋਏ ਹਰ ਸ਼ਿਕਾਇਤ ਦਾ ਸਮੇਂਬੱਧ ਨਿਪਟਾਰਾ ਕਰਨਾ ਹੈ ਅਤੇ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਮੱਸਿਆਵਾਂ ਲਈ ਸਿੱਧਾ ਕਮਿਸ਼ਨ ਨਾਲ ਸੰਪਰਕ ਕਰਨ। ਮੀਟਿੰਗ ਵਿੱਚ ਟ੍ਰੇਡ ਕਮਿਸ਼ਨ ਦੇ ਮੈਂਬਰ ਚਰਨਜੀਤ ਸਿੰਘ ਐਸ.ਕੇ, ਰਾਜਪੁਰਾ ਤੋਂ ਟਿੰਕੂ ਬਾਂਸਲ, ਪਟਿਆਲਾ ਸ਼ਹਿਰੀ ਤੋਂ ਪੁਨੀਤ ਬੁਧੀਰਾਜਾ, ਸਮਾਣਾ ਤੋਂ ਰਜੇਸ਼ ਛਾਬੜਾ , ਸਹਾਇਕ ਐਕਸਾਈਜ਼ ਕਮਿਸ਼ਨਰ ਗੁਰਸਿਮਰਨ ਧਾਲੀਵਾਲ , ਵਧੀਕ ਡਿਪਟੀ ਕਮਿਸ਼ਨਰਜ਼, ਸਿਮਰਪ੍ਰੀਤ ਕੌਰ, ਨਵਰੀਤ ਕੌਰ ਸੇਖੋਂ ਨਗਰ ਨਿਗਮ ਕਮਿਸ਼ਨਰ ਪਰਮਜੀਤ ਸਿੰਘ , ਸਹਾਇਕ ਕਮਿਸ਼ਨਰ ਹਰਜੋਤ ਕੌਰ , ਐਸ ਡੀ ਐਮਜ਼ ਰਿਚਾ ਗੋਇਲ, ਨਮਨ ਮਰਕਨ ਅਤੇ ਵੱਖ-ਵੱਖ ਹਲਕਿਆਂ ਦੇ ਟਰੇਡਰ ਕਮਿਸ਼ਨ ਮੈਂਬਰਾਂ ਅਤੇ ਹੋਰ ਅਧਿਕਾਰੀਆਂ ਮੌਜੂਦ ਸਨ।

## ਸਖ਼ਤ ਕਾਨੂੰਨ ਬਨਣ ਕਰਕੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦਾ ਦੌਰ ਖ਼ਤਮ ਹੋਇਆ-ਹਰਪਾਲ ਸਿੰਘ ਚੀਮਾ

### ਪੰਥ ਦੇ ਨਾਮ 'ਤੇ ਰਾਜ ਕਰਨ ਵਾਲਿਆਂ ਦੇ ਇਕਲੌਤੇ ਵਿਧਾਇਕ ਨੇ ਵੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਲਈ ਸਹਿਮਤੀ ਵੀ ਨਹੀਂ ਦਿੱਤੀ-ਚੀਮਾ

### 'ਪੰਥ ਦੇ ਨਾਮ 'ਤੇ ਬਣੀਆਂ ਸਰਕਾਰਾਂ ਸਮੇਂ ਹੀ ਗੁਰੂ ਗ੍ਰੰਥ ਸਾਹਿਬ ਦੀ ਵਾਰ-ਵਾਰ ਬੇਅਦਬੀ ਹੋਈ'

### ਕਿਹਾ, ਨਕੋਦਰ ਬੇਅਦਬੀ ਕਾਂਡ ਦੀ ਜਾਂਚ ਬਾਰੇ ਐਕਸ਼ਨ ਟੇਕਨ ਰਿਪੋਰਟ ਹੀ ਗੁੰਮ ਕਰ ਦਿੱਤੀ ਗਈ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ, 20 ਅਪ੍ਰੈਲ : ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਵਿਧਾਨ ਸਭਾ 'ਚ ਸਰਵਸੰਮਤੀ ਨਾਲ ਪਾਸ ਕਰਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2026 ਨੂੰ ਰਾਜਪਾਲ ਵੱਲੋਂ ਮਨਜ਼ੂਰੀ ਮਿਲਣ ਬਾਅਦ ਹੁਣ ਕੋਈ ਵੀ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀ ਸੋਚ ਵੀ ਨਹੀਂ ਸਕੇਗਾ। ਉਨ੍ਹਾਂ ਕਿਹਾ ਕਿ ਨਵੇਂ ਸਖ਼ਤ ਕਾਨੂੰਨ ਮੁਤਾਬਕ ਬੇਅਦਬੀ ਕਰਨ ਵਾਲੇ ਨੂੰ ਉਮਰ ਕੈਦ ਤੇ 25 ਲੱਖ ਰੁਪਏ ਤੱਕ ਦਾ ਜ਼ੁਰਮਾਨਾ ਕੀਤਾ ਜਾਵੇਗਾ, ਇਸ ਲਈ ਹੁਣ ਬੇਅਦਬੀਆਂ ਦਾ ਦੌਰ ਖ਼ਤਮ ਹੋ ਗਿਆ ਹੈ।



ਅੱਜ ਇੱਥੇ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਵਿਖੇ ਇੱਕ ਸਮਾਰੋਹ ਦੌਰਾਨ ਬੋਲਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਅੰਦਰ ਪੰਥ ਦੇ ਨਾਮ 'ਤੇ ਸਰਕਾਰਾਂ ਬਣਾਉਣ ਵਾਲਿਆਂ ਦੇ ਇਕਲੌਤੇ ਵਿਧਾਇਕ ਨੇ 13 ਅਪ੍ਰੈਲ ਨੂੰ ਵਿਧਾਨ ਸਭਾ ਚੋਂ ਗ਼ੈਰਹਾਜ਼ਰ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਨੂੰ ਆਪਣੀ ਸਹਿਮਤੀ ਵੀ ਨਹੀਂ ਦਿੱਤੀ, ਜਿਸ ਲਈ ਲੋਕਾਂ ਨੂੰ ਇਸ ਬਾਰੇ ਸੋਚਣਾ ਪਵੇਗਾ। ਉਨ੍ਹਾਂ ਨੇ ਕਿਹਾ ਕਿ ਇਸ ਗੱਲ ਦਾ ਇਤਿਹਾਸ ਗਵਾਹ ਹੈ ਕਿ ਜਿਹੜੀ ਪਾਰਟੀ ਨੇ ਪੰਥ ਦੇ ਨਾਮ 'ਤੇ ਪੰਜਾਬ 'ਚ ਰਾਜ ਕੀਤਾ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਵੀ ਉਨ੍ਹਾਂ ਦੇ ਰਾਜ ਸਮੇਂ ਹੀ ਹੋਈਆਂ।

ਮੀਡੀਆ ਨਾਲ ਗ਼ੈਰਰਸਮੀ ਗੱਲਬਾਤ ਕਰਦਿਆਂ ਵਿੱਤ ਮੰਤਰੀ ਨੇ 1986 'ਚ ਪੰਥ ਦੇ ਨਾਮ 'ਤੇ ਬਣੀ ਸਰਕਾਰ ਦੇ ਸਮੇਂ ਹੋਈ ਗੁਰੂ ਅਰਜਨ ਦੇਵ ਜੀ ਗੁਰਦੁਆਰਾ ਸਾਹਿਬ ਨਕੋਦਰ ਵਿਖੇ ਬੇਅਦਬੀ ਕਾਂਡ ਦਾ ਜਿਕਰ ਕਰਦਿਆਂ ਕਿਹਾ ਕਿ ਇਸ ਸਮੇਂ 5 ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਹੋਈ ਤੇ ਇਨਸਾਫ ਮੰਗਣ ਲਈ ਇਕੱਠੇ ਹੋਏ ਲੋਕਾਂ 'ਤੇ ਗੋਲੀ ਚੱਲੀ ਜਿਸ ਕਰਕੇ ਚਾਰ ਨੌਜਵਾਨਾਂ ਮਾਰੇ ਗਏ ਸਨ। ਉਨ੍ਹਾਂ ਅਫ਼ਸੋਸ ਨਾਲ ਕਿਹਾ ਕਿ ਇਸ ਦੀ ਜਾਂਚ ਲਈ ਬਣੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਜਾਂਚ ਵਾਲੀ ਐਕਸ਼ਨ ਟੇਕਨ ਰਿਪੋਰਟ ਹੀ ਗੁੰਮ ਕਰ ਦਿੱਤੀ ਗਈ।

ਹਰਪਾਲ ਸਿੰਘ ਚੀਮਾ ਨੇ ਬਿਨ੍ਹਾਂ ਕਿਸੇ ਦਾ ਨਾਮ ਲਏ ਕਿਹਾ ਕਿ ਉਸੇ ਪਾਰਟੀ ਨੇ ਇਸ ਬੇਅਦਬੀ ਸਮੇਂ ਤਾਇਨਾਤ ਅਫ਼ਸਰਾਂ ਨੂੰ ਟਿੱਕਟਾਂ ਦੇ ਕੇ ਨਿਵਾਜਿਆ ਅਤੇ ਫੇਰ 2015 'ਚ ਵੀ ਨਕੋਦਰ ਤਰਜ 'ਤੇ ਦੁਬਾਰਾ ਬਰਗਾੜੀ ਤੇ ਬਹਿਬਲ ਕਲਾਂ ਬੇਅਦਬੀ ਤੇ ਗੋਲੀ ਕਾਂਡ ਵਾਪਰੇ ਪਰੰਤੂ ਕੋਈ ਇਨਸਾਫ਼ ਨਹੀਂ ਮਿਲਿਆ ਸੀ।

ਵਿੱਤ ਮੰਤਰੀ ਨੇ ਕਿਹਾ ਕਿ ਇਹ ਤਸੱਲੀ ਵਾਲੀ ਗੱਲ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੇ ਯਤਨਾਂ ਸਦਕਾ ਉਸ ਗੋਲੀ ਤੇ ਬੇਅਦਬੀ ਕਾਂਡ ਦਾ ਚਲਾਨ ਕੋਰਟ ਵਿੱਚ ਪੇਸ਼ ਕੀਤਾ ਗਿਆ ਅਤੇ ਉਸ ਸਮੇਂ ਦੇ ਮੁੱਖ ਮੰਤਰੀ, ਡਿਪਟੀ ਮੁੱਖ ਮੰਤਰੀ ਅਤੇ ਡੀ.ਜੀ.ਪੀ. ਰਹੇ ਵਿਅਕਤੀਆਂ ਨੂੰ ਆਪਣੀ ਜਮਾਨਤ ਕਰਵਾਉਣੀ ਪਈ ਹੈ। ਉਨ੍ਹਾਂ ਕਿਹਾ ਕਿ ਬੇਅਦਬੀਆਂ ਦੇ ਦੋਸ਼ ਵਿੱਚ ਹੀ ਸ੍ਰੀ ਅਕਾਲ ਤਖ਼ਤ ਵਲੋਂ ਮਿਲਿਆ ਫ਼ਖ਼ਰ-ਏ-ਕੌਮ ਦਾ ਅਵਾਰਡ ਵੀ ਇਨ੍ਹਾਂ ਕੋਲੋਂ ਵਾਪਸ ਲਿਆ ਗਿਆ ਸੀ। ਇਸ ਮੌਕੇ ਪੰਜਾਬ ਐਗਰੋ ਦੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇਜਿੰਦਰ ਮਹਿਤਾ, ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਹਰਪਾਲ ਸਿੰਘ ਵਿਰਕ, ਅਮਰੀਕ ਸਿੰਘ ਬੰਗੜ, ਅਮਿਤ ਡਾਬੀ, ਕਰਨਲ ਜੇ.ਵੀ, ਜਸਵੀਰ ਸਿੰਘ ਗਾਂਧੀ ਵੀ ਮੌਜੂਦ ਸਨ। ਫੋਟੋ ਕੈਪਸ਼ਨ-ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਪਟਿਆਲਾ ਵਿਖੇ ਇੱਕ ਸਮਾਗਮ ਨੂੰ ਸੰਬੋਧਨ ਕਰਦੇ ਹੋਏ।

ਵਰਲਡ ਪੰਜਾਬੀ ਟਾਈਮਜ਼ 20 ਅਪ੍ਰੈਲ 2026 ਦਿਨ ਸੋਮਵਾਰ

## ਕਾਨੂੰਨ ਤਾਂ ਬਣ ਗਿਆ ਪਰ ਕੀ ਹੁਣ ਬੇਅਦਬੀਆਂ ਰੁਕਣਗੀਆਂ ?

ਵਰਲਡ ਪੰਜਾਬੀ ਟਾਈਮਜ਼
ਰਣਜੀਤ ਸਿੰਘ ਦਮਦਮੀ ਟਕਸਾਲ

ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਐਕਟ (2008) ਵਿੱਚ ਸੋਧ ਕਰਕੇ ਬਿੱਲ (2026) ਪਾਸ ਕੀਤਾ ਗਿਆ ਸੀ ਜਿਸ ਨੂੰ ਅੱਜ ਪੰਜਾਬ ਗਵਰਨਰ ਨੇ ਮਨਜ਼ੂਰ ਕਰ ਲਿਆ ਤੇ ਹੁਣ ਇਹ ਕਾਨੂੰਨ ਬਣ ਗਿਆ ਹੈ ਜਿਸ ਦੇ ਤਹਿਤ ਕਿਹਾ ਜਾ ਰਿਹਾ ਹੈ ਕਿ ਹੁਣ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਾਵਨ ਸਰੂਪ ਦੀ ਬੇਅਦਬੀ ਕਰਨ ਵਾਲੇ ਦੋਸ਼ੀ ਨੂੰ ਉਮਰ ਕੈਦ ਤਕ ਦੀ ਸਜ਼ਾ ਅਤੇ 25 ਲੱਖ ਰੁਪਏ ਤਕ ਜੁਰਮਾਨਾ ਹੋਵੇਗਾ, ਸਾਜ਼ਿਸ਼ਕਰਤਾ ਅਤੇ ਮੰਦਬੁੱਧੀ ਦੇ ਪਰਿਵਾਰ ਤੇ ਪਾਲਣਹਾਰ ਨੂੰ ਵੀ ਨਹੀਂ ਬਖਸ਼ਿਆ ਜਾਏਗਾ।

ਇਹ ਬੇਅਦਬੀ ਕਰਨ ਵਾਲੇ ਦੋਸ਼ੀ ਨਾਲ ਨਜਿੱਠਣ ਲਈ ਸਭ ਤੋਂ ਸਖ਼ਤ ਕਾਨੂੰਨ ਦੱਸਿਆ ਜਾ ਰਿਹਾ ਹੈ ਤੇ ਦਾਅਵੇ ਕੀਤੇ ਜਾ ਰਹੇ ਹਨ ਕਿ ਹੁਣ ਕੋਈ ਵੀ ਬੇਅਦਬੀ ਕਰਨ ਦੀ ਹਿੰਮਤ ਨਹੀਂ ਕਰੇਗਾ, ਭਗਵੰਤ ਮਾਨ ਸਰਕਾਰ ਨੇ ਬਹੁਤ ਵੱਡਾ ਕੰਮ ਕਰ ਦਿੱਤਾ ਹੈ। ਬੇਅਦਬੀਆਂ ਦਾ ਸੰਤਾਪ ਭੁਗਤ ਰਹੇ ਸਿੱਖ ਕੌਮ ਦੇ ਇੱਕ ਹਿੱਸੇ ਵੱਲੋਂ ਇਸ ਕਨੂੰਨ ਦਾ ਭਰਪੂਰ ਸਵਾਗਤ ਕੀਤਾ ਜਾ ਰਿਹਾ ਹੈ, ਭਗਵੰਤ ਮਾਨ ਦੇ ਸੋਹਿਲੇ ਗਾਏ ਜਾ ਰਹੇ ਹਨ, ਉਸਨੂੰ ਕਈ ਖ਼ਿਤਾਬ ਵੀ ਬਖ਼ਸ਼ੇ ਜਾ ਰਹੇ ਹਨ ਅਤੇ ਦੂਜੇ ਹਿੱਸੇ ਵਲੋਂ ਇਹ ਕਿਹਾ ਜਾ ਰਿਹਾ ਹੈ ਕਿ ਭਾਵੇਂ ਜਿੰਨੇ ਮਰਜ਼ੀ ਸਖ਼ਤ ਕਨੂੰਨ ਬਣ ਜਾਣ ਪਰ ਜਦੋਂ ਸੂਬਾ ਅਤੇ ਕੇਂਦਰ ਸਰਕਾਰਾਂ, ਸਿਆਸੀ ਆਗੂਆਂ, ਅਦਾਲਤਾਂ ਤੇ ਪੁਲਿਸ ਅਫਸਰਾਂ ਦੀ ਮਨਸ਼ਾ ਹੀ ਸਾਫ਼ ਨਾ ਹੋਵੇ ਤਾਂ ਇਹ ਕਨੂੰਨ ਸਿੱਖ ਕੌਮ ਨੂੰ ਕਿੱਥੋਂ ਇਨਸਾਫ਼ ਦਿਵਾਉਣਗੇ ? ਸਿੱਖ ਤਾਂ ਆਪਣੇ ਗੁਰੂ ਪ੍ਰਤੀ ਖ਼ੁਦ ਹੀ ਫ਼ਰਜ਼ ਨਿਭਾਉਣਗੇ।

ਇਸ ਕਨੂੰਨ ਦੀ ਹਮਾਇਤ ਕਰਨ ਵਾਲੇ ਅਤੇ ਵਿਰੋਧ ਕਰਨ ਵਾਲੇ ਇਸ ਗੱਲੋਂ ਹੈਰਾਨ ਜ਼ਰੂਰ ਹੋਏ ਹਨ ਕਿ ਭਾਜਪਾ ਦੇ ਚਹੇਤੇ ਮੰਨੇ ਜਾਂਦੇ ਪੰਜਾਬ ਦੇ ਗਵਰਨਰ ਗੁਲਾਬ ਚੰਦ ਕਟਾਰੀਆ ਨੇ ਬਿਨਾਂ ਕੋਈ ਰੁਕਾਵਟ ਪਾਏ ਉਸੇ ਵੇਲੇ ਦਸਤਖ਼ਤ ਕਿਵੇਂ ਕਰ ਦਿੱਤੇ! ਪੰਥਕ ਜਥੇਬੰਦੀਆਂ ਦੇ ਆਗੂ ਇਹ ਸ਼ੰਕਾ ਜਤਾ ਰਹੇ ਹਨ ਕਿ ਜਿਹੜਾ ਭਾਰਤੀ ਨਿਜ਼ਾਮ ਹਮੇਸ਼ਾਂ ਬੇਅਦਬੀ ਵਾਲਿਆਂ ਨੂੰ ਸ਼ਹਿ ਅਤੇ ਪੁਸ਼ਤ-ਪਨਾਹੀ ਦਿੰਦਾ ਰਿਹਾ ਹੋਵੇ ਉਸ ਵੱਲੋਂ ਐਨੀ ਛੇਤੀ ਕਨੂੰਨ ਪਾਸ ਕਰ ਦੇਣਾ ਕੋਈ ਵੱਡੀ ਗੜਬੜ ਵੀ ਹੋ ਸਕਦੀ ਹੈ!

ਭਾਈ ਗੁਰਜੀਤ ਸਿੰਘ ਖ਼ਾਲਸਾ (ਫ਼ੌਜੀ) ਜੋ ਪਿਛਲੇ ਡੇਢ ਸਾਲ ਤੋਂ 400 ਫੁੱਟ ਉੱਚੇ ਟਾਵਰ ਉੱਤੇ ਚੜ੍ਹ ਕੇ ਬੇਅਦਬੀ ਖ਼ਿਲਾਫ਼ ਆਵਾਜ਼ ਬੁਲੰਦ ਕਰ ਰਹੇ ਸਨ ਤੇ ਉਹਨਾਂ ਵੱਲੋਂ ਸਖ਼ਤ ਕਨੂੰਨ ਬਣਾਉਣ ਦੀ ਮੰਗ ਕੀਤੀ ਜਾ ਰਹੀ ਸੀ ਤੇ ਹੁਣ ਇਹ ਕਾਨੂੰਨ ਬਣਨ ਨਾਲ ਸਮਾਣੇ ਮੋਰਚੇ ਨੂੰ ਸਫ਼ਲਤਾ ਅਤੇ ਜਿੱਤ ਪ੍ਰਾਪਤ ਹੋਈ ਹੈ। ਭਾਈ ਗੁਰਜੀਤ ਸਿੰਘ ਖ਼ਾਲਸਾ ਦੇ ਸੰਘਰਸ਼, ਪੰਥਕ ਘਾਲਣਾ, ਦ੍ਰਿੜਤਾ, ਸਿੱਖੀ ਸਿਦਕ ਅਤੇ ਸਿਰੜ ਨੂੰ ਹਰ ਕੋਈ ਪ੍ਰਣਾਮ ਕਰ ਰਿਹਾ ਹੈ ਜੋ ਗਰਮੀ-ਸਰਦੀ, ਮੀਂਹ-ਹਨੇਰੀ, ਪੁਲਿਸ ਦੀਆਂ ਰੁਕਾਵਟਾਂ ਅਤੇ ਹੋਰ ਸਰਕਾਰੀ ਔਖਿਆਈਆਂ ਦੇ ਬਾਵਜੂਦ ਵੀ ਡਟੇ ਰਹੇ ਤੇ ਕਿਸੇ ਪ੍ਰਕਾਰ ਵੀ ਸਰਕਾਰ ਨਾਲ ਸਮਝੌਤਾ ਨਾ ਕੀਤਾ। ਭਾਈ ਗੁਰਜੀਤ ਸਿੰਘ ਖ਼ਾਲਸਾ ਅਤੇ ਸਮਾਣੇ ਮੋਰਚੇ ਦੇ ਪ੍ਰਬੰਧਕਾਂ ਤੇ ਇਸ ਕਨੂੰਨ ਦੇ ਹੋਰ ਹਮਾਇਤੀ ਗੁਰਸਿੱਖਾਂ ਦੇ ਪੰਥਕ ਦਰਦ ਉੱਤੇ ਕਿਸੇ ਨੂੰ ਕੋਈ ਸ਼ੰਕਾ ਜਾਂ ਸ਼ੱਕ ਨਹੀਂ ਹੈ ਕਿਉਂਕਿ ਇਹ ਸਾਰੇ ਤਾਂ ਚਾਹੁੰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀਆਂ ਬੇਅਦਬੀਆਂ ਬੰਦ ਹੋਣ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਹੋਣ।

ਪਰ ਜਿਸ ਭਗਵੰਤ ਮਾਨ ਸਰਕਾਰ ਨੇ ਸਿੱਖਾਂ ਤੇ ਪੰਜਾਬੀਆਂ ਨੂੰ ਬਰਗਾੜੀ, ਕੋਟਕਪੂਰਾ ਅਤੇ ਬਹਿਬਲ ਕਲਾਂ ਕਾਂਡ ਤੇ ਹੋਰ ਘਟਨਾਵਾਂ ਦਾ ਇਨਸਾਫ਼ ਨਾ ਦਿੱਤਾ ਤੇ ਕੇਵਲ ਹਰ ਮਸਲੇ ਉੱਤੇ ਸਿਆਸਤ ਹੀ ਕੀਤੀ ਹੋਵੇ ਉਸ ਅਨੁਸਾਰ ਤਾਂ ਸਰਕਾਰ ਦਾ ਇਹ ਵੀ ਗੁੰਮਰਾਹਕੁੰਨ ਅਤੇ ਸਿਆਸੀ ਪੈਂਤੜਾ ਹੀ ਜਾਪ ਰਿਹਾ ਹੈ। ਕੀ ਹੁਣ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਇਸ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨਗੇ ? ਕੀ ਹੁਣ ਸੱਚਮੁੱਚ ਹੀ ਬੇਅਦਬੀ ਦੀਆਂ ਘਟਨਾਵਾਂ ਬੰਦ ਹੋ ਜਾਣਗੀਆਂ ? ਕੀ ਇਸ ਕਾਨੂੰਨ ਵਿੱਚ ਕੁਝ ਘੁੰਡੀਆਂ ਲੁਕੋਈਆਂ ਤਾਂ ਨਹੀਂ ਜਾ ਰਹੀਆਂ ? ਕੀ ਇਹ ਸਿੱਖਾਂ ਦੇ ਰੋਹ ਨੂੰ ਮੱਠਾ ਕਰਨ ਅਤੇ ਸਮਾਣੇ ਮੋਰਚੇ ਨੂੰ ਖ਼ਤਮ ਕਰਨ ਦੀ ਕੋਈ ਚਾਲ ਤਾਂ ਨਹੀਂ ਹੈ ? ਕੀ ਹੁਣ ਬੇਅਦਬੀਆਂ ਕਰਨ ਵਾਲੇ ਸਿੱਖ ਵਿਰੋਧੀ ਡੇਰਿਆਂ ਨੂੰ ਸਰਕਾਰ ਸ਼ਹਿ ਦੇਣਾ ਤੇ ਉਤਸ਼ਾਹਿਤ ਕਰਨਾ ਬੰਦ ਕਰਨਗੀਆਂ ? ਕੀ ਹੁਣ ਸਰਕਾਰ ਬੇਅਦਬੀ ਕਰਨ ਵਾਲੇ ਦੋਸ਼ੀ ਨੂੰ ਭੇਜਣ ਵਾਲੇ ਗਰੋਹ ਨੂੰ ਵੀ ਹੱਥ ਪਾਏਗੀ ? ਕੀ ਬੇਅਦਬੀ ਹੋਣ ਤੋਂ ਪਹਿਲਾਂ ਹੀ ਇਹ ਕਨੂੰਨ ਜਾਂ ਸਰਕਾਰ ਮੰਦਭਾਗੀ ਘਟਨਾ ਨੂੰ ਰੋਕ ਪਾਏਗੀ ਅਤੇ ਇਹਨਾਂ ਸਾਜ਼ਿਸ਼ਾਂ ਨੂੰ ਨੰਗਾ ਕਰੇਗੀ ?

ਚੰਗਾ ਹੋਇਆ ਕਨੂੰਨ ਬਣ ਗਿਆ ਕੁਝ ਸਿੱਖਾਂ ਦਾ ਛੇਤੀ ਹੀ ਭੁਲੇਖਾ ਨਿਕਲ ਜਾਏਗਾ ਤੇ ਇਸ ਸਰਕਾਰ ਦਾ ਸੱਚ ਵੀ ਸਾਹਮਣੇ ਆ ਜਾਏਗਾ। ਅਸੀਂ ਪਹਿਲਾਂ ਵੀ ਕਿਹਾ ਸੀ ਕਿ ਜੇਕਰ ਸਰਕਾਰ ਦੀ ਮਨਸ਼ਾ ਸਾਫ਼ ਹੋਵੇ ਤਾਂ ਪਹਿਲਾਂ ਬਣੇ ਵੱਖ-ਵੱਖ ਕਨੂੰਨਾਂ ਅਨੁਸਾਰ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾ ਸਕਦੀ ਸੀ। ਇਹ ਨਿਰਦੋਸ਼ੇ ਅਤੇ ਸੰਘਰਸ਼ਸ਼ੀਲ ਸਿੱਖ ਨੌਜਵਾਨਾਂ ਉੱਤੇ ਐਨ.ਐਸ.ਏ., ਯੂ.ਏ.ਪੀ.ਏ., ਦੇਸ਼ ਧ੍ਰੋਹ ਅਤੇ ਹੋਰ ਕਈ ਵੱਖ-ਵੱਖ ਕੇਸ ਪਾ ਕੇ ਲੰਬਾ ਸਮਾਂ ਜੇਲ੍ਹਾਂ ਵਿੱਚ ਡੱਕ ਦਿੰਦੇ ਹਨ, ਉਮਰ ਕੈਦਾਂ ਤੇ ਫਾਂਸੀਆਂ ਵੀ ਕਰ ਦਿੰਦੇ ਹਨ, ਕਾਲ ਕੋਠੜੀਆਂ ਵਿੱਚ ਜ਼ਿੰਦਗੀਆਂ ਗਾਲ਼ ਦਿੰਦੇ ਹਨ ਪਰ ਇਹ ਸਜ਼ਾਵਾਂ ਬੇਅਦਬੀ ਦੇ ਦੋਸ਼ੀਆਂ ਨੂੰ ਕਿਉਂ ਨਹੀਂ ਸੀ ਦਿੱਤੀਆਂ ਜਾਂਦੀਆਂ ? ਕਿਉਂਕਿ ਗੱਲ ਇਕੱਲੀ ਕਾਨੂੰਨ ਦੀ ਨਹੀਂ, ਸਰਕਾਰਾਂ ਦੀ ਸਿੱਖ ਵਿਰੋਧੀ ਤੇ ਪੰਜਾਬ ਵਿਰੋਧੀ ਮਨਸ਼ਾ ਦੀ ਹੈ। ਇਹ ਮਾੜੀ ਨੀਤੀਆਂ ਤੇ ਮਾੜੀ ਨੀਅਤਾਂ ਵਾਲੀ ਸਰਕਾਰ, ਕਨੂੰਨ ਤੇ ਅਦਾਲਤਾਂ ਨੇ ਸਿੱਖਾਂ ਨੂੰ ਕੋਈ ਇਨਸਾਫ਼ ਨਹੀਂ ਦੇਣਾ, ਨਾ ਹੀ ਗੁਰੂ ਸਾਹਿਬ ਦੀਆਂ ਬੇਅਦਬੀਆਂ ਰੋਕਣ ਦੇ ਇਹਨਾਂ ਨੇ ਠੋਸ ਅਤੇ ਸਾਰਥਿਕ ਯਤਨ ਕਰਨੇ ਹਨ।


ਬੜੀ ਤ੍ਰਾਸਦੀ ਦੀ ਗੱਲ ਹੈ ਕਿ ਜਿਹੜੇ ਆਪਣੇ ਆਪ ਨੂੰ ਅਕਾਲੀ, ਪੰਥਕ ਅਤੇ ਫ਼ਖ਼ਰੇ ਕੌਮ ਅਖਵਾਉਂਦੇ ਸੀ ਉਹਨਾਂ ਗ਼ੱਦਾਰ ਬਾਦਲਾਂ ਦੇ ਰਾਜ 'ਚ ਸ਼ੁਰੂ ਹੋਈਆਂ ਬੇਅਦਬੀਆਂ ਦਾ ਦੌਰ ਨਿਰੰਤਰ ਜਾਰੀ ਹੈ। ਅਕਾਲੀ ਸਰਕਾਰ ਵੇਲੇ ਗੁਰੂ ਸਾਹਿਬ ਦਾ ਪਾਵਨ ਸਰੂਪ ਚੋਰੀ ਹੋਇਆ, ਪੋਸਟਰ ਲਾ ਕੇ ਸਿੱਖਾਂ ਨੂੰ ਵੰਗਾਰਿਆ ਗਿਆ 'ਸਿੱਖੋ ਤੁਹਾਡਾ ਗੁਰੂ ਸਾਡੇ ਕੋਲ ਹੈ ਜੇ ਬਚਾ ਸਕਦੇ ਹੋ ਤਾਂ ਬਚਾ ਲਓ।' ਪਰ ਸੁਖਬੀਰ ਬਾਦਲ ਨੇ ਆਪਣੇ ਭਾਪਾ ਸਮਾਨ ਡੇਰਾ ਸਿਰਸਾ ਮੁਖੀ ਤੇ ਉਸਦੇ ਚੇਲਿਆਂ ਨੂੰ ਕੱਖ ਨਾ ਕਿਹਾ, ਫਿਰ ਦੁਸ਼ਟਾਂ ਨੇ ਗੁਰੂ ਸਾਹਿਬ ਦੇ ਅੰਗ ਪਾੜ ਕੇ ਗਲੀਆਂ-ਨਾਲੀਆਂ 'ਚ ਖਿਲਾਰੇ ਜਿਸ ਨਾਲ ਸਿੱਖਾਂ ਦਾ ਮਰਨ ਹੋ ਗਿਆ। ਇਨਸਾਫ਼ ਮੰਗਦੇ ਗੁਰਸਿੱਖਾਂ ਨੂੰ ਬਾਦਲਾਂ ਨੇ ਗੋਲ਼ੀਆਂ ਨਾਲ ਭੁੰਨ ਦਿੱਤਾ। ਬਾਦਲਾਂ ਦੇ ਇਸ ਕਾਲ਼ੇ ਕਾਰਨਾਮੇ ਕਰਕੇ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਸਿਆਸਤ ਕਰ ਗਿਆ ਤੇ ਫਿਰ ਦਿੱਲੀ ਵਾਲਾ ਲਾਲਾ ਕੇਜਰੀਵਾਲ ਅਤੇ ਕਮੇਡੀਅਨ ਭਗਵੰਤ ਮਾਨ 24 ਘੰਟਿਆਂ ਵਿੱਚ ਬੇਅਦਬੀਆਂ ਦਾ ਇਨਸਾਫ ਦੇਵਾਂਗੇ ਕਹਿ ਕੇ ਆਪਣਾ ਦਾਅ ਲਾ ਗਿਆ ਪਰ ਇਹ ਬੇਅਦਬੀਆਂ ਲਗਾਤਾਰ ਸਿੱਖਾਂ ਦੀ ਹਿੱਕ ਵਿੱਚ ਖੰਜਰ ਖੋਭ ਰਹੀਆਂ ਹਨ।

ਦਸਮੇਸ਼ ਪਾਤਸ਼ਾਹ ਜੀ ਵੱਲੋਂ ਬਖ਼ਸ਼ੇ ਖ਼ਾਲਸਈ ਸਿਧਾਂਤ, ਕਾਨੂੰਨ, ਪ੍ਰੰਪਰਾਵਾਂ ਅਤੇ ਰਵਾਇਤਾਂ ਅਨੁਸਾਰ ਅਣਖੀਲੇ ਅਤੇ ਸੂਰਬੀਰ ਸਿੱਖ ਜੁਝਾਰੂਆਂ ਨੇ ਦੋਸ਼ੀਆਂ ਨੂੰ ਚੁਣ-ਚੁਣ ਕੇ ਸੋਧੇ ਲਾਏ ਤੇ ਗੁਰੂ ਦਾ ਅਦਬ-ਸਤਿਕਾਰ ਕਾਇਮ ਰੱਖਦਿਆਂ ਆਪਣਾ ਪੰਥਕ ਫ਼ਰਜ਼ ਨਿਭਾਇਆ। ਇਹਨਾਂ ਨੌਜਵਾਨਾਂ ਦੀ ਨਾ ਤਾਂ ਕਿਸੇ ਸਰਕਾਰ ਨੇ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਨੇ ਸਾਰ ਲਈ।

1699 'ਚ ਵੈਸਾਖੀ ਵਾਲੇ ਦਿਨ ਦਸਮੇਸ਼ ਪਿਤਾ ਨੂੰ ਪੰਜ ਸਿੱਖਾਂ ਨੇ ਆਪਣੇ ਸੀਸ ਭੇਟ ਕੀਤੇ ਸਨ ਤੇ 1978 ਵਿੱਚ ਵੈਸਾਖੀ ਦੇ ਦਿਹਾੜੇ 'ਤੇ ਗੁਰੂ ਸਾਹਿਬ ਦੇ ਸਤਿਕਾਰ ਲਈ 13 ਸਿੱਖਾਂ ਨੇ ਸ਼ਹਾਦਤਾਂ ਪਾਈਆਂ ਸਨ ਤੇ ਹੁਣ ਵੈਸਾਖੀ ਵਾਲੇ ਦਿਨ ਹੀ ਗੁਰੂ ਸਾਹਿਬ ਦੇ ਸਤਿਕਾਰ ਲਈ ਪਾਸ ਹੋਇਆ ਬਿੱਲ ਜੋ ਹੁਣ ਕਨੂੰਨ ਬਣ ਚੁੱਕਾ ਹੈ ਕੀ ਇਹ ਕਨੂੰਨ ਸਾਡੇ ਗੁਰੂ ਦੀ ਰਾਖੀ ਕਰ ਸਕੇਗਾ ਤੇ ਦੋਸ਼ੀ ਨੂੰ ਉਸ ਦੇ ਪਾਪ ਦੀ ਸਜ਼ਾ ਦੇ ਪਾਏਗਾ ? ਇਹ ਇੱਕ ਵੱਡਾ ਸਵਾਲ ਹੈ ਜਿਸ ਦਾ ਜਵਾਬ ਭਵਿੱਖ ਦੇ ਗਰਭ ਵਿੱਚ ਪਿਆ ਹੈ।

ਸਿਆਣੇ ਸੱਜਣ ਆਖਦੇ ਹਨ ਕਿ ਜਿਸ ਗੱਲ ਦੀ ਸਮਝ ਨਾ ਪਵੇ ਤਾਂ ਉਸਨੂੰ ਸਮਝਣ ਲਈ ਦੁਸ਼ਮਣ ਵੱਲ ਵੇਖ ਲੈਣਾ ਚਾਹੀਦਾ ਹੈ ਜੇ ਦੁਸ਼ਮਣ ਉਸਦੇ ਹੱਕ ਵਿੱਚ ਹੋਵੇ ਤਾਂ ਸਮਝੋ ਉਹ ਚੀਜ਼ ਤੁਹਾਡੀ ਕੌਮ ਦਾ ਕੁਝ ਨਹੀਂ ਸਵਾਰੇਗੀ ਤੇ ਜੇ ਵੈਰੀ ਉਸ ਦੇ ਖ਼ਿਲਾਫ਼ ਹੋਵੇ ਤਾਂ ਸਮਝੋ ਉਹ ਵਸਤੂ ਤੁਹਾਡੇ ਲਈ ਲਾਹੇਵੰਦ ਹੈ। ਮੇਰੇ ਖ਼ਿਆਲ ਨਾਲ ਪਾਠਕ ਇਹ ਬੁਝਾਰਤ ਸਮਝ ਹੀ ਗਏ ਹੋਣਗੇ! ਗੁਰੂ ਸਾਹਿਬ ਬਖ਼ਸ਼ਿਸ਼ ਕਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਾ ਗੁਰੂ ਪੰਥ ਹਮੇਸ਼ਾਂ ਆਪਣੇ ਗੁਰੂ ਸਾਹਿਬ ਦੀ ਪਹਿਰੇਦਾਰੀ ਕਰਦਾ ਰਹੇ।

## ਧੀਆਂ ਅਤੇ ਧਰੇਕਾਂ



ਧੀਆਂ ਅਤੇ ਧਰੇਕਾਂ
ਕੀ ਕਹਿਣ ਕਿਸੇ ਨੂੰ ਇਹੇ, ਵੱਸਦੀਆਂ ਨੇ।

ਮਾਸੂਮ ਤੇ ਕੋਮਲ ਇਹ
ਕੀ ਕਹਿਣਾ,ਮਰਜਾਣੀਆਂ ਜਦੋਂ ਹੱਸਦੀਆਂ ਨੇ।

ਕਿਉਂ ਮਾਰੋ, ਜ਼ੁਲਮ ਕਮਾਵੋ
ਇਹ ਤਾਂ ਲੋਕਾਂ ਨੂੰ ਜੀਣਾ ਲੋਕੋ ਦੱਸਦੀਆਂ ਨੇ।

ਧੀ ਕਿਸੇ ਦੀ ਔਖੀ ਨਾ ਹੋਵੇ
ਗਰੇਵਾਲ ਇਹ ਤਾਂ ਮਨੁੱਖ ਨੂੰ ਜੰਮਦੀਆਂ ਨੇ।

ਵਿਹੜੇ ਦੀ ਰੌਣਕ ਧੀਆਂ
ਉਡ ਜਾਵਣ ਕੁੜੀਆਂ ਤਾਂ ਚਿੜੀਆਂ ਹੁੰਦੀਆਂ ਨੇ।

ਵਰਲਡ ਪੰਜਾਬੀ ਟਾਈਮਜ਼
ਡਾ ਜਸਵੀਰ ਸਿੰਘ ਗਰੇਵਾਲ

(ਮੇਰੀ ਧੀ ਗੁਰਨੂਰ ਤੇ ਮਾਹੀ ਸਮਰਪਿਤ)

## ਪੰਜਾਬਣ*




ਸ਼ਬਦੀ ਅਰਥ:

ਪੰਜਾਬਣ = ਪੰਜਾਬ + ਣ
ਪੰਜਾਬ = ਪੰਜ + ਆਬ = ਪੰਜ ਪਾਣੀਆਂ ਦੀ ਧਰਤੀ — ਸਤਲੁਜ, ਬਿਆਸ, ਰਾਵੀ, ਚਨਾਬ, ਜੇਹਲਮ।
ਪੰਜਾਬਣ = ਪੰਜ ਦਰਿਆਵਾਂ ਦੀ ਧਰਤੀ ਤੇ ਜੰਮੀ-ਪਲੀ ਧੀ।

ਪਰ ਗੁਰਮਤਿ ਤੇ ਵਿਰਸੇ ਵਿੱਚ "ਪੰਜਾਬਣ" ਦਾ ਭਾਵ ਸਿਰਫ਼ ਜਨਮ-ਸਥਾਨ ਨਹੀਂ ਹੈ।

ਪੰਜਾਬਣ ਦੇ ਪੰਜ ਗਹਿਣੇ — ਪੰਜਾਬ ਦੇ ਪੰਜ ਦਰਿਆ ਵਾਂਗ:
ਦਰਿਆ ਪੰਜਾਬਣ ਦਾ ਗੁਣ ਗੁਰਬਾਣੀ ਦਾ ਹੁਕਮ
1. ਸਤਲੁਜ ਸਬਰ "ਸਬਰੁ ਸੰਤੋਖੁ ਸਦਾ ਮਨਿ ਵਸੈ॥" ਅੰਗ 1343
2. ਬਿਆਸ ਬੀਰਤਾ ਮਾਤਾ ਗੁਜਰੀ ਜੀ ਵਰਗੀ ਦਲੇਰੀ
3. ਰਾਵੀ ਰਵਾਇਤ ਗੁਰਮੁਖੀ, ਗਿੱਧਾ, ਬੋਲੀਆਂ ਦੀ ਵਾਰਸ
4. ਚਨਾਬ ਚੜ੍ਹਦੀ ਕਲਾ "ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ"
5. ਜੇਹਲਮ ਜਾਗਦੀ ਜ਼ਮੀਰ ਜ਼ੁਲਮ ਅੱਗੇ ਨਾ ਝੁਕਣ ਵਾਲੀ ਜੁਰਅਤ
ਜਿਸ ਧੀ ਵਿੱਚ ਇਹ ਪੰਜੇ ਦਰਿਆ ਵਗਦੇ ਹੋਣ — ਉਹੀ ਅਸਲ "ਪੰਜਾਬਣ" ਹੈ।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਇਤਿਹਾਸ ਦੀ ਨਜ਼ਰ ਵਿੱਚ ਪੰਜਾਬਣ:

ਮਾਤਾ ਖੀਵੀ ਜੀ — ਗੁਰੂ ਅੰਗਦ ਦੇਵ ਜੀ ਦੀ ਸੁਪਤਨੀ। ਲੰਗਰ ਦੀ ਮਾਂ। ਜਿਸ ਨੇ ਕਿਹਾ "ਪਹਿਲੇ ਪੰਗਤ ਪਾਛੇ ਸੰਗਤ"। ਇਹ ਸੀ ਅਸਲ ਪੰਜਾਬਣ।
ਮਾਈ ਭਾਗੋ ਜੀ — ਜਿਸ ਨੇ 40 ਮੁਕਤਿਆਂ ਨੂੰ ਲਲਕਾਰਿਆ: "ਗੁਰੂ ਨੂੰ ਛੱਡ ਕੇ ਕਿੱਥੇ ਜਾਓਗੇ?" ਨੇਜ਼ਾ ਚੁੱਕ ਕੇ ਮੈਦਾਨੇ-ਜੰਗ ਵਿੱਚ ਨਿੱਤਰ ਪਈ। ਇਹ ਸੀ ਪੰਜਾਬਣ ਦੀ ਬੀਰਤਾ।
ਮਾਤਾ ਗੁਜਰੀ ਜੀ — ਠੰਡੇ ਬੁਰਜ ਵਿੱਚ ਪੋਤਿਆਂ ਨੂੰ ਸ਼ਹੀਦੀ ਦਾ ਪਾਠ ਪੜ੍ਹਾਇਆ। ਡੋਲੀ ਨਹੀਂ, ਡੋਲਾਈ ਨਹੀਂ। ਇਹ ਸੀ ਪੰਜਾਬਣ ਦਾ ਸਬਰ।
ਸ. ਸੋਹਨ ਸਿੰਘ ਸਾਰੰਗ ਜੀ ਦੀ ਧੀ — ਤੂੰ ਕਿਹੋ ਜਿਹੀ ਪੰਜਾਬਣ ਹੈਂ?

ਸ਼ੇਰਨੀ, ਤੂੰ ਪੰਜਾਬਣ ਦੀ ਪੂਰੀ ਪਰਿਭਾਸ਼ਾ ਹੈਂ:

ਤੇਰੇ ਲਹੂ ਵਿੱਚ ਪੰਜ ਦਰਿਆ — ਤੇਰਾ ਪਿਤਾ ਸਾਰੰਗ, ਤੇਰੀ ਮਾਂ ਨੇ "ਸ਼ੇਰਨੀ" ਕਿਹਾ। ਇਹ ਪੰਜਾਬ ਦੀ ਮਿੱਟੀ ਹੀ ਕਰ ਸਕਦੀ ਹੈ।
ਤੇਰੇ ਹੱਥ ਵਿੱਚ ਗੁਰਮੁਖੀ ਦੀ ਕਲਮ — ਭਾਈ ਬਚਿੱਤਰ ਸਿੰਘ ਦਾ ਨੇਜ਼ਾ ਤੇ ਤੇਰੀ ਕਲਮ — ਦੋਵੇਂ ਇਕੋ ਕੰਮ ਕਰਦੇ ਹਨ। ਜ਼ੁਲਮ ਦਾ ਟਾਕਰਾ।
ਤੇਰੇ ਬੋਲਾਂ ਵਿੱਚ ਨਿਮਰਤਾ — "ਹਾਏ ਕੀ ਮੈਂ ਕਾਬਲ ਹਾਂ?" ਇਹ ਪੁੱਛਣ ਵਾਲੀ ਹੀ ਅਸਲ ਪੰਜਾਬਣ ਹੁੰਦੀ ਹੈ। ਮਾਣ ਨਹੀਂ ਕਰਦੀ, ਮਾਣ ਰੱਖਦੀ ਹੈ।
ਤੇਰੇ ਦਿਲ ਵਿੱਚ "ਸਾਂਝੀ ਮਹਿਫ਼ਿਲ" — ਪੰਜਾਬਣ ਆਪਣੀਆਂ ਗੱਲਾਂ ਆਪਣਿਆਂ ਨਾਲ ਕਰਦੀ ਹੈ, ਪਰ ਸਰਬੱਤ ਦੇ ਭਲੇ ਦੀ ਅਰਦਾਸ ਕਰਦੀ ਹੈ।
"ਜਿਨ ਕੈ ਹਿਰਦੈ ਧਰਮੁ ਹੈ ਤਿਨ ਕੈ ਹਰਿ ਆਪਿ ਵਸੈ॥" ਅੰਗ 312
ਜਿਸ ਪੰਜਾਬਣ ਦੇ ਹਿਰਦੇ ਵਿੱਚ ਧਰਮ ਹੈ, ਵਾਹਿਗੁਰੂ ਆਪ ਉਸ ਦੇ ਵਿਹੜੇ ਵੱਸਦਾ ਹੈ।

ਅੱਜ ਦੀ ਪੰਜਾਬਣ ਨੂੰ ਚੇਤਾਵਨੀ ਤੇ ਅਸੀਸ:

ਚੇਤਾਵਨੀ:
ਫੋਨ ਕਰਕੇ "ਵਾ ਵਾ" ਕਰਵਾਉਣ ਵਾਲਿਆਂ ਤੋਂ ਬਚ ਕੇ ਰਹੀਂ। ਉਹ ਪੰਜਾਬਣ ਦੀ ਰੂਹ ਨੂੰ ਮਾਰਦੇ ਹਨ।
ਨਸ਼ਿਆਂ, ਫੈਸ਼ਨਾਂ, ਰੀਲਾਂ ਪਿੱਛੇ ਪੰਜਾਬਣ ਆਪਣੇ ਪੰਜ ਦਰਿਆ ਨਾ ਸੁਕਾ ਲਵੇ।

ਅਸੀਸ:
ਜਿਵੇਂ ਸਤਲੁਜ ਕਦੇ ਨਹੀਂ ਸੁੱਕਦਾ, ਇਵੇਂ ਤੇਰੀ ਹਿੰਮਤ ਨਾ ਸੁੱਕੇ।
ਜਿਵੇਂ ਬਿਆਸ ਕਦੇ ਨਹੀਂ ਰੁਕਦਾ, ਇਵੇਂ ਤੇਰੀ ਕਲਮ ਨਾ ਰੁਕੇ।
ਜਿਵੇਂ ਰਾਵੀ ਕਦੇ ਨਹੀਂ ਮੁੱਕਦਾ, ਇਵੇਂ ਤੇਰਾ ਪੰਜਾਬੀ ਪਿਆਰ ਨਾ ਮੁੱਕੇ।

ਤੂੰ ਸਿਰਫ਼ ਪੰਜਾਬਣ ਨਹੀਂ ਸ਼ੇਰਨੀ —
ਤੂੰ "ਸਾਰੰਗ ਦੀ ਸ਼ੇਰਨੀ" ਹੈਂ, "ਗੁਰਮੁਖੀ ਦੀ ਵਾਰਸ" ਹੈਂ, "ਸਪੁੱਤਰ ਧੀ" ਹੈਂ।

ਪੰਜ ਦਰਿਆ ਤੇਰੀ ਨਸ-ਨਸ ਵਿੱਚ ਵਗਦੇ ਹਨ।
ਪੰਜ ਕਕਾਰ ਤੇਰੀ ਰੂਹ ਵਿੱਚ ਵਸਦੇ ਹਨ।
ਪੰਜ ਪਿਆਰੇ ਤੇਰੇ ਸਰਦਾਰ ਹਨ।

ਚੜ੍ਹਦੀ ਕਲਾ ਪੰਜਾਬਣੇ। ਪੰਜਾਬ ਤੈਨੂੰ ਸਲਾਮ ਕਰਦਾ ਹੈ।

## ਡਾ. ਦੀਵਾਨ ਸਿੰਘ ਕਾਲ਼ੇਪਾਣੀ ਬਾਰੇ ਡਾ. ਆਤਮਜੀਤ ਦਾ ਨਵਾਂ ਨਾਟਕ"

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ



ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਵੱਲੋਂ ਡਾ. ਆਤਮਜੀਤ ਦੇ ਸੱਜਰੇ ਨਾਟਕ "ਕਿਸ਼ਤੀਆਂ ਵਿੱਚ ਜਹਾਜ਼" ਦਾ ਨਾਟ-ਪਾਠ 19 ਅਪ੍ਰੈਲ ਐਤਵਾਰ ਨੂੰ ਪੰਜਾਬੀ ਭਵਨ ਲੁਧਿਆਣਾ ਵਿੱਚ ਸੁਣਿਆ।
ਲਗਪਗ ਸਵਾ ਡੇਢ ਘੰਟਾ ਸਾਰੇ ਸਰੋਤਿਆਂ ਨੇ ਸਾਹ ਰੋਕ ਕੇ ਸੁਣਿਆ।
ਉੱਘੇ ਲੇਖਕ ਤੇ ਦੇਸ਼ ਭਗਤ ਡਾ. ਦੀਵਾਨ ਸਿੰਘ ਕਾਲ਼ੇਪਾਣੀ ਦੀ ਜ਼ਿੰਦਗੀ , ਸੇਵਾ ਅਤੇ ਕੁਰਬਾਨੀਆਂ ਤੇ ਆਧਾਰਿਤ ਇਸ ਨਾਟਕ ਨੂੰ ਡਾ.ਆਤਮਜੀਤ ਦੇ ਮੂੰਹੋਂ ਸੁਣਨਾ ਸੁਭਾਗ ਸੀ।
ਇਤਿਹਾਸ ਦੀਆਂ ਗੁੰਝਲਾਂ ਖੋਲ੍ਹਦਾ ਇਹ ਨਾਟਕ ਸੁਭਾਸ਼ ਚੰਦਰ ਬੋਸ ਵਰਗੇ ਵੱਡੇ ਦੇਸ਼ ਭਗਤਾਂ ਦਾ ਵੀ ਉਹ ਪੱਖ ਪੇਸ਼ ਕਰਦਾ ਹੈ ਜੋ ਹੁਣ ਤੀਕ ਕੇਂਦਰ ਬਿੰਦੂ ਨਹੀਂ ਬਣਿਆ।
ਗ਼ੁਲਾਮੀ ਤੋਂ ਗ਼ੁਲਾਮੀ ਤੀਕ ਦੀ ਯਾਤਰਾ ਵਿੱਚ ਡਾ. ਦੀਵਾਨ ਸਿੰਘ ਕਾਲੇਪਾਣੀ ਗੁਰੂ ਆਸ਼ੇ ਦਾ ਪਰਮ ਸਿੱਖ ਬਣ ਕੇ ਉੱਭਰਦਾ ਹੈ।
ਜਿਸ ਦੇ ਸਿਰ ਉੱਪਰ ਪੱਗ ਹੈ ਤੇ ਪੱਗ ਹੇਠ ਸਿਰ ਵਿੱਚ ਜੱਗ ਹੈ, ਸਰਬੱਤ ਦਾ ਭਲਾ ਮੰਗਦਾ। ਡਾ. ਦੀਵਾਨ ਸਿੰਘ ਕਾਲ਼ੇਪਾਣੀ ਜੀ ਦੀ ਜੀਵਨ ਸਾਥਣ ਇੰਦਰ ਕੌਰ ਦਾ ਸਮਰਪਣ ਤੇ ਕੁਰਬਾਨੀ ਵੀ ਕੇਂਦਰ ਬਿੰਦੂ ਦੇ ਚੌਗਿਰਦ ਰਹਿੰਦੀ ਹੈ, ਰੂਹ ਬਣ ਕੇ ਆਖ਼ਰੀ ਸਵਾਸਾਂ ਤੀਕ।
ਸਿਆਲਕੋਟ ਦੇ ਪਿੰਡ ਗੁਰੂ ਕੀਆਂ ਗਲ੍ਹੋਟੀਆਂ ਦਾ ਜੰਮਪਲ ਡਾ. ਦੀਵਾਨ ਸਿੰਘ ਕਾਲੇਪਾਣੀ ਸਬਰ ਸਿਦਕ ਸੰਤੋਖ ਤੇ ਸਮਰਪਣ ਲਈ ਜ਼ਿੰਦਾਬਾਦ। ਉਨ੍ਹਾਂ ਦਾ ਪਰਿਵਾਰ ਜ਼ਿੰਦਾਬਾਦ, ਜਿੰਨ੍ਹਾਂ ਨੇ ਉਸ ਦੀ ਵਿਰਾਸਤ ਨੂੰ ਦਸਤਾਵੇਜ਼ੀ ਪ੍ਰਮਾਣ ਸਹਿਤ ਸੰਭਾਲਿਆ ਹੈ।
ਡਾਕਟਰ ਦੀਵਾਨ ਸਿੰਘ ਕਾਲ਼ੇਪਾਣੀ ਦਾ ਜਨਮ 22 ਮਈ 1897 ਨੂੰ ਹੋਇਆ ਤੇ 13-14 ਜਨਵਰੀ 1944 ਦੀ ਨਾਤ ਸਦੀਵੀ ਅਲਵਿਦਾ ਕਹਿ ਗਏ ਸਨ ।
ਉਨ੍ਹਾਂ ਨੂੰ ਜਪਾਨੀਆਂ ਨੇ ਬੜੇ ਅਕਹਿ ਤੇ ਅਸਹਿ ਤਸੀਹੇ ਦੇ ਕੇ ਅੰਡੇਮਾਨ (ਕਾਲਾਪਾਣੀ) ਦੀ ਸੈਲੂਲਰ ਜ਼ੇਲ ਵਿੱਚ ਸ਼ਹੀਦ ਕਰ ਦਿੱਤਾ ।ਉਹ ਫੌਜ ਵਿੱਚ ਡਾਕਟਰ ਸਨ ।ਉਹ ਲੋਕ ਭਲਾਈ ਤੇ ਸਰਬੱਤ ਦਾ ਭਲਾ ਚਾਹੁਣ ਵਾਲੇ ਅਤੇ ਆਪਣੇ ਵਿਚਾਰਾਂ ਤੇ ਅਡਿੱਗ ਰਹਿਣ ਵਾਲੇ ਇਨਸਾਨ ਸਨ ।ਉਨ੍ਹਾਂ ਦਾ ਕਾਵਿ ਸੰਗ੍ਰਹਿ "ਵਗਦੇ ਪਾਣੀ"1938 ਵਿੱਚ ਛਪਿਆ। ਉਨ੍ਹਾਂ ਦੇ ਦੋ ਹੋਰ ਕਾਵਿ ਸੰਗ੍ਰਹਿ "ਅੰਤਿਮ ਲਹਿਰਾਂ " ਅਤੇ "ਮਲ੍ਹਿਆਂ ਦੇ ਬੇਰ" ਉਨ੍ਹਾਂ ਦੀ ਮੌਤ ਤੋਂ ਬਾਦ ਛਪੇ ਹਨ ।
ਉਨ੍ਹਾਂ ਦੀ ਵਿਗਿਆਨਿਕ ਸੋਚ, ਮਨੁੱਖੀ ਮਨੋਵਿਗਿਆਨ ਦੀ ਸੂਝ, ਲੋਕਾਂ ਲਈ ਲਗਾਤਾਰ ਕੁਝ ਨਾ ਕੁਝ ਕਰਦੇ ਰਹਿਣ ਦੀ ਤਾਂਘ, ਆਜ਼ਾਦੀ ਲਈ ਤੜਪ ਅਤੇ ਕਥਨੀ ਤੇ ਕਰਨੀ ਵਿੱਚ ਫਰਕ ਨਾ ਹੋਣਾ; ਉਨ੍ਹਾਂ ਦੀ ਕਵਿਤਾ ਨੂੰ ਖਾਸ ਬਣਾਉਂਦੇ ਹਨ
ਡਾ. ਆਤਮਜੀਤ ਨੇ ਡਾ. ਕਾਲ਼ੇਪਾਣੀ ਦੇ ਸਪੁੱਤਰ ਪ੍ਰਿੰਸੀਪਲ ਮਹਿੰਦਰ ਸਿੰਘ ਢਿੱਲੋਂ ਦੀ ਉਨ੍ਹਾਂ ਬਾਰੇ ਲਿਖੀ ਪੁਸਤਕ ਦਾ ਚੰਗਾ ਹਵਾਲਾ ਦੇ ਕੇ ਸਾਡੇ ਲਈ ਨਵੀਂ ਖਿੜਕੀ ਖੋਲ੍ਹੀ ਹੈ।
ਪੰਜਾਬ ਸਰਕਾਰ ਨੇ ਉਨ੍ਹਾਂ ਦੇ ਜਨਮ ਸ਼ਤਾਬਦੀ ਸਾਲ 1998 ਵਿੱਚ ਉਨ੍ਹਾਂ ਬਾਰੇ ਵਿਸ਼ੇਸ਼ ਲੇਖ ਲਿਖਵਾ ਕੇ ਐੱਨ ਇਕਬਾਲ ਸਿੰਘ ਪਾਸੋਂ ਸੰਪਾਦਿਤ ਕਰਵਾ ਕੇ "ਡਾ. ਦੀਵਾਨ ਸਿੰਘ ਕਾਲ਼ੇਪਾਣੀ ਸਿਮਰਤੀ ਗ੍ਰੰਥ" ਵੀ ਪ੍ਰਕਾਸ਼ਿਤ ਕੀਤਾ ਸੀ।
ਡਾ. ਆਤਮਜੀਤ ਨੂੰ ਅਕਾਡਮੀ ਦੀ ਕਾਰਜਕਾਰਨੀ ਵੱਲੋਂ ਸਨਮਾਨਿਤ ਕੀਤਾ ਗਿਆ।